Hazardous Waste Management Program

# ਖਤਰਨਾਕ ਕੂੜਾ-ਕਰਕਟ ਪ੍ਰਬੰਧਨ ਯੋਜਨਾ ਦਾ ਅਪਡੇਟ ਪੋਜੈਕਟ

2020

## ਪ੍ਰੋਜੈਕਟ ਦੇ ਬਾਰੇ

ਖਤਰਨਾਕ ਕੂੜਾ-ਕਰਕਟ (Haz Waste Program) ਪ੍ਰਬੰਧਨ ਪ੍ਰੋਗਰਾਮ ਇਸ ਸਮੇਂ ਸਾਡੀ 10-ਸਾਲਾਂ ਦੀ ਪ੍ਰਬੰਧਨ ਯੋਜਨਾ ਨੂੰ ਅਪਡੇਟ ਕਰਨ ਲਈ ਕੰਮ ਕਰ ਰਿਹਾ ਹੈ। ਯੋਜਨਾ ਦਾ ਅਪਡੇਟ ਕਿੰਗ ਕਾਊਂਟੀ (King County) ਦੇ ਲੋਕਾਂ ਅਤੇ ਵਾਤਾਵਰਨ ਦੇ ਪ੍ਰਤੀ ਜ਼ਹਿਰੀਲੇ ਜੋਖਮਾਂ ਨੂੰ ਘਟਾਉਣ ਲਈ ਪ੍ਰੋਗਰਾਮ ਨੂੰ ਰਾਹ ਦਿਖਾਵੇਗਾ। ਵਾਸ਼ਿੰਗਟਨ ਰਾਜ ਦੇ ਕਨੂੰਨ ਵੱਲੋਂ ਜ਼ਰੂਰੀ ਹੈ ਕਿ ਸਾਰੀਆਂ ਸਥਾਨਕ ਸਰਕਾਰਾਂ ਦੀਆਂ ਖਤਰਨਾਕ ਕੂੜਾ-ਕਰਕਟ ਦੀਆਂ ਪ੍ਰਬੰਧਨ ਯੋਜਨਾਵਾਂ ਹੋਣ ਅਤੇ ਉਹਨਾਂ ਨੂੰ ਅਪ-ਟੂ-ਡੇਟ ਰੱਖਿਆ ਜਾਵੇ। ਕਿੰਗ ਕਾਊਂਟੀ (King County) ਦੀ ਯੋਜਨਾ ਨੂੰ ਆਖਰੀ ਵਾਰ 2010 ਵਿੱਚ ਅਪਡੇਟ ਕੀਤਾ ਗਿਆ ਸੀ। ਕਿੰਗ ਕਾਊਂਟੀ (King County) ਦੇ ਨਿਵਾਸੀ ਹੋਣ ਵਜੋਂ, ਤੁਸੀਂ ਪ੍ਰੋਗਰਾਮ ਵੱਲੋਂ ਮੁਹੱਈਆ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਲਈ ਭੁਗਤਾਨ ਕਰਦੇ ਹੋ। ਇਹ ਪ੍ਰੋਗਰਾਮ ਕਿੰਗ ਕਾਊਂਟੀ (King County) ਦੇ ਨਿਵਾਸੀਆਂ ਅਤੇ ਛੋਟੇ ਕਾਰੋਬਾਰਾਂ ਲਈ ਇਕੱਠਾ ਕਰਨ, ਰੋਕਥਾਮ ਕਰਨ, ਸਿੱਖਿਅਤ ਕਰਨ, ਅਤੇ ਪਾਲਸੀ ਸੇਵਾਵਾਂ ਮੁਹੱਈਆ ਕਰਦਾ ਹੈ। ਸਾਡੀ ਸਮਝਣ ਵਿੱਚ ਮਦਦ ਕਰੋ ਕਿ ਅਸੀਂ ਤੁਹਾਡੀ ਸਭ ਤੋਂ ਵਧੀਆ ਢੰਗ ਨਾਲ ਸੇਵਾ ਕਿਵੇਂ ਕਰ ਸਕਦੇ ਹਾਂ

## ਪ੍ਰੋਜੈਕਟ ਦੀ ਪ੍ਰਕਿਰਿਆ

ਪ੍ਰਬੰਧਨ ਯੋਜਨਾ ਦਾ ਅਪਡੇਟ ਪ੍ਰੋਜੈਕਟ ਸਾਡੀ ਪ੍ਰਬੰਧਨ ਤਾਲਮੇਲ ਕਮੇਟੀ (MCC) ਵੱਲੋਂ ਸੰਚਾਲਿਤ ਹੈ। ਯੋਜਨਾ ਦੇ ਅਪਡੇਟ ਦੀ ਲਾਜ਼ਮੀ ਤੌਰ 'ਤੇ MCC, ਕਿੰਗ ਕਾਊਂਟੀ (King County) ਸਿੱਖਿਆ ਬੋਰਡ, ਅਤੇ ਵਾਸ਼ਿੰਗਟਨ ਰਾਜ ਦੇ ਵਾਤਾਵਰਨ-ਵਿਗਿਆਨ ਵਿਭਾਗ ਵੱਲੋਂ ਸਮੀਖਿਆ ਕੀਤੀ ਜਾਣੀ ਚਾਹੀਦੀ ਹੈ, ਅਤੇ ਇਹਨਾਂ ਵੱਲੋਂ ਮਨਜ਼ੂਰ ਹੋਣਾ ਚਾਹੀਦਾ ਹੈ।

## ਨਸਲੀ ਨਿਰਪੱਖਤਾ ਲਈ ਸਾਡੀ ਵਚਨਬੱਧਤਾ

ਅਸੀਂ ਖਤਰਨਾਕ ਕੂੜਾ-ਕਰਕਟ ਦੀ ਜਾਗਰੂਕਤਾ, ਵਰਤੋਂ, ਭੰਡਾਰਣ, ਨਿਪਟਾਰੇ, ਸਹੂਲਤ-ਥਾਵਾਂ ਦੇ ਟਿਕਾਣੇ ਅਤੇ ਜੋਖਮ ਦੇ ਪੱਧਰਾਂ ਨੂੰ ਲੈ ਕੇ ਹੋਰਨਾਂ ਰੰਗਾਂ ਵਾਲੇ ਭਾਈਚਾਰਿਆਂ ਲਈ ਮੌਜੂਦ ਨਸਲੀ ਅਸਮਾਨਤਾਵਾਂ ਨੂੰ ਸੰਬੋਧਿਤ ਕਰਨ ਲਈ ਕਾਰਵਾਈ ਕਰਨ ਲਈ ਵਚਨਬੱਧ ਹਾਂ। ਯੋਜਨਾ ਦਾ ਅਪਡੇਟ ਉਹਨਾਂ ਭਾਈਚਾਰਿਆਂ ਨੂੰ ਤਰਜੀਹ ਦੇਵੇਗਾ ਜਿੰਨ੍ਹਾਂ ਨੂੰ ਘੱਟ ਸੁੱਖ-ਸੁਵਿਧਾਵਾਂ ਉਪਲਬਧ ਹਨ।

## ਪ੍ਰੋਜੈਕਟ ਦੀ ਸਮਾਂ-ਮਿਆਦ




## ਕੀ ਤੁਹਾਡੇ ਕੋਈ ਸਵਾਲ ਜਾਂ ਟਿੱਪਣੀਆਂ ਹਨ?

ਅਸੀਂ 2021 ਦੀ ਪਤਝੜ ਵਿੱਚ ਜਨਤਕ ਟਿੱਪਣੀਆਂ ਸਵੀਕਾਰ ਕਰਾਂਗੇ। ਜੇਕਰ ਉਦੋਂ ਤੱਕ ਤੁਹਾਡੇ ਕੋਈ ਸਵਾਲ ਜਾਂ ਟਿੱਪਣੀਆਂ ਹਨ, ਤਾਂ ਕਿਰਪਾ ਕਰਕੇ haz.waste@kingcounty.gov 'ਤੇ ਈਮੇਲ ਕਰੋ।